ਕਾਨੜਾ ਮਹਲਾ ੫ ਘਰੁ ੬ ੴ ਸਤਿਗੁਰ ਪ੍ਰਸਾਦਿ ॥ ਜਗਤ ਉਧਾਰਨ ਨਾਮ ਪ੍ਰਿਅ ਤੇਰੈ ॥ ਨਵ ਨਿਧਿ ਨਾਮੁ ਨਿਧਾਨੁ ਹਰਿ ਕੇਰੈ ॥ ਹਰਿ ਰੰਗ ਰੰਗ ਰੰਗ ਅਨੂਪੇਰੈ ॥ ਕਾਹੇ ਰੇ ਮਨ ਮੋਹਿ ਮਗਨੇਰੈ ॥ ਨੈਨਹੁ ਦੇਖੁ ਸਾਧ ਦਰਸੇਰੈ ॥ ਸੋ ਪਾਵੈ ਜਿਸੁ ਲਿਖਤੁ ਲਿਲੇਰੈ ॥ ੧॥ ਰਹਾਉ ॥ ਸੇਵਉ ਸਾਧ ਸੰਤ ਚਰਨੇਰੈ ॥ ਬਾਂਛਉ ਧੂਰਿ ਪਵਿਤ੍ਰ ਕਰੇਰੈ ॥ ਅਠਸਠਿ ਮਜਨੁ ਮੈਲੁ ਕਟੇਰੈ ॥ ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ ॥ ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥ ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ ॥੧॥ ਮਨਸਾ ਮਾਨਿ ਏਕ ਨਿਰੰਕੇਰੈ ॥ ਸਗਲ ਤਿਆਗਹੁ ਭਾਉ ਦੂਜੇਰੈ ॥ ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ ॥ ਬਰਨਿ ਨ ਸਾਕਉ ਏਕ ਟੁਲੇਰੈ ॥ ਦਰਸਨ ਪਿਆਸ ਬਹੁਤੁ ਮਨਿ ਮੇਰੈ ॥ ਮਿਲੁ ਨਾਨਕ ਦੇਵ ਜਗਤ ਗੁਰ ਕੇਰੈ ॥੨॥੧॥੩੪॥ {ਪੰਨਾ 1304}

ਪਦ ਅਰਥ:- ਪ੍ਰਿਅ—ਹੇ ਪਿਆਰੇ ਪ੍ਰਭੂ! ਜਗਤ ਉਧਾਰਨ—ਜਗਤ (ਦੇ ਜੀਵਾਂ) ਨੂੰ (ਵਿਕਾਰਾਂ ਤੋਂ) ਬਚਾ ਸਕਣ ਵਾਲਾ। ਤੇਰੈ—ਤੇਰੇ (ਹੱਥ) ਵਿਚ। ਨਵਨਿਧਿ—(ਧਰਤੀ ਦੇ) ਨੌ (ਹੀ) ਖ਼ਜ਼ਾਨੇ। ਨਿਧਾਨੁ—ਖ਼ਜ਼ਾਨਾ। ਹਰਿ ਕੇਰੈ—ਹਰੀ ਦੇ। ਰੰਗ ਰੰਗ ਰੰਗ—ਅਨੇਕਾਂ ਹੀ ਰੰਗ। ਹਰਿ ਅਨੂਪੇਰੈ—ਸੋਹਣੇ ਹਰੀ। ਅਨੂਪ—(ਅਨ-ਊਪ) ਜਿਸ ਵਰਗਾ ਹੋਰ ਕੋਈ ਨਹੀਂ, ਬਹੁਤ ਸੁੰਦਰ। ਮੋਹਿ—ਮੋਹ ਵਿਚ। ਮਗਨੇਰੈ—ਮਗਨ, ਮਸਤ। ਨੈਨਹੁ—ਅੱਖਾਂ ਨਾਲ। ਸਾਧ ਦਰਸੇਰੈ—ਗੁਰੂ ਦਾ ਦਰਸਨ। ਜਿਸੁ ਲਿਲੇਰੈ—ਜਿਸ ਦੇ ਮੱਥੇ ਉਤੇ (ਲਿਲਾਰ-ਲਿਲਾਟ, ਮੱਥਾ)।1। ਰਹਾਉ।

ਸੇਵਉ—ਸੇਵਉਂ, ਮੈਂ ਸੇਵਾ ਕਰਦਾ ਹਾਂ। ਬਾਂਛਉ—ਬਾਂਛਉਂ, ਮੈਂ ਚਾਹੁੰਦਾ ਹਾਂ। ਕਰੇਰੈ—ਕਰਦੀ ਹੈ। ਅਠਸਠਿ—ਅਠਾਹਠ। ਮਜਨੁ—ਇਸ਼ਨਾਨ। ਕਟੇਰੈ—ਕੱਟਦੀ ਹੈ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਨਹੀ ਮੋਰੈ—ਨਹੀਂ ਮੋੜਦਾ। ਸੰਗਿ ਨਾਲ। ਕਰੋਰੈ—ਕ੍ਰੋੜਾਂ। ਕੋ—ਦਾ। ਅੰਤਿ—ਆਖ਼ਰ ਨੂੰ, ਅੰਤ ਵੇਲੇ (ਜਦੋਂ ਹੋਰ ਹਰੇਕ ਪਦਾਰਥ ਦਾ ਸਾਥ ਮੁਕ ਜਾਂਦਾ ਹੈ)। ਪੁਕਰੋਰੈ—ਪੁੱਕਰਦਾ ਹੈ, ਮਦਦ ਕਰਦਾ ਹੈ, ਸਾਥ ਨਿਬਾਹੁੰਦਾ ਹੈ।1।

ਮਨਸਾ—(mnI—w) ਮਨ ਦਾ ਫੁਰਨਾ। ਮਾਨਿ—ਸ਼ਾਂਤਿ ਕਰ। ਨਿਰੰਕੇਰੈ—ਨਿਰੰਕਾਰ ਵਿਚ। ਭਾਉ—ਪਿਆਰ। ਦੂਜੇਰੈ—ਦੂਜੇ ਪਦਾਰਥ ਵਿਚ। ਕਹਾਂ—ਮੈਂ ਆਖਾਂ। ਪ੍ਰਿਆ—ਹੇ ਪਿਆਰੇ ਪ੍ਰਭੂ! ਸਾਕਉ—ਸਾਕਉਂ। ਬਰਨਿ ਨ ਸਾਕਉ—ਮੈਂ ਬਿਆਨ ਨਹੀਂ ਕਰ ਸਕਦਾ। ਟੁਲੇਰੈ—ਟੋਲ, (ਦਿੱਤਾ ਹੋਇਆ) ਪਦਾਰਥ, ਕੀਤਾ ਹੋਇਆ ਉਪਕਾਰ। ਮਨਿ ਮੇਰੈ—ਮੇਰੇ ਮਨ ਵਿਚ। ਮਿਲੁ ਨਾਨਕ—ਨਾਨਕ ਨੂੰ ਮਿਲ। ਦੇਵ ਜਗਤ ਗੁਰ ਕੇਰੈ—ਹੇ ਜਗਤ ਕੇਰੈ ਗੁਰਦੇਵ!।2।

ਅਰਥ:- ਹੇ ਪਿਆਰੇ ਪ੍ਰਭੂ! ਜਗਤ (ਦੇ ਜੀਵਾਂ ਨੂੰ ਵਿਕਾਰਾਂ ਤੋਂ) ਬਚਾਵਣ ਵਾਲਾ ਤੇਰਾ ਨਾਮ ਤੇਰੇ (ਹੀ ਹੱਥ) ਵਿਚ ਹੈ। ਹੇ ਭਾਈ! ਪਰਮਾਤਮਾ ਦਾ ਨਾਮ-ਖ਼ਜ਼ਾਨਾ (ਮਾਨੋ, ਧਰਤੀ ਦੇ) ਨੌ ਹੀ ਖ਼ਜ਼ਾਨੇ ਹੈ। ਹੇ ਮਨ! ਸੋਹਣੇ ਹਰੀ ਦੇ (ਇਸ ਜਗਤ ਵਿਚ) ਅਨੇਕਾਂ ਹੀ ਰੰਗ ਤਮਾਸ਼ੇ ਹਨ, ਤੂੰ (ਇਹਨਾਂ ਰੰਗਾਂ ਦੇ) ਮੋਹ ਵਿਚ ਕਿਉਂ ਮਸਤ ਹੋ ਰਿਹਾ ਹੈਂ? ਹੇ ਭਾਈ! (ਆਪਣੀਆਂ) ਅੱਖਾਂ ਨਾਲ ਗੁਰੂ ਦਾ ਦਰਸਨ ਕਰਿਆ ਕਰ, (ਪਰ ਜੀਵ ਦੇ ਕੀਹ ਵੱਸ? ਗੁਰੂ ਦਾ ਦਰਸਨ) ਉਹ ਮਨੁੱਖ ਪ੍ਰਾਪਤ ਕਰਦਾ ਹੈ ਜਿਸ ਦੇ ਮੱਥੇ ਉਤੇ (ਇਸ ਦਰਸਨ ਦਾ) ਲੇਖ ਲਿਖਿਆ ਹੁੰਦਾ ਹੈ।1। ਰਹਾਉ।

ਹੇ ਭਾਈ! ਮੈਂ (ਤਾਂ) ਸੰਤ ਜਨਾਂ ਦੇ ਚਰਨਾਂ ਦੀ ਓਟ ਲੈਂਦਾ ਹਾਂ, ਮੈਂ (ਸੰਤ ਜਨਾਂ ਦੇ ਚਰਨਾਂ ਦੀ) ਧੂੜ ਮੰਗਦਾ ਹਾਂ (ਇਹ ਚਰਨ-ਧੂੜ ਮਨੁੱਖ ਦਾ ਜੀਵਨ) ਪਵਿੱਤਰ ਕਰਦੀ ਹੈ, (ਇਹ ਚਰਨ-ਧੂੜ ਹੀ) ਅਠਾਹਠ ਤੀਰਥਾਂ ਦਾ ਇਸ਼ਨਾਨ ਹੈ (ਸੰਤ ਜਨਾਂ ਦੀ ਚਰਨ-ਧੂੜ ਦਾ ਇਸ਼ਨਾਨ ਜੀਵਾਂ ਦੇ ਮਨ ਦੀ) ਮੈਲ ਦੂਰ ਕਰਦਾ ਹੈ। ਹੇ ਭਾਈ! (ਆਪਣੇ) ਹਰੇਕ ਸਾਹ ਦੇ ਨਾਲ ਪਰਮਾਤਮਾ ਦਾ ਨਾਮ ਸਿਮਰਿਆ ਕਰ। (ਜਿਹੜਾ ਮਨੁੱਖ ਨਾਮ ਸਿਮਰਦਾ ਹੈ, ਉਸ ਵਲੋਂ ਪਰਮਾਤਮਾ ਆਪਣਾ) ਮੂੰਹ ਨਹੀਂ ਮੋੜਦਾ। ਹੇ ਭਾਈ! (ਜਮ੍ਹਾਂ ਕੀਤੇ ਹੋਏ) ਲੱਖਾਂ ਕ੍ਰੋੜਾਂ ਰੁਪਿਆਂ ਵਿਚੋਂ ਕੁਝ ਭੀ (ਅਖ਼ੀਰ ਵੇਲੇ ਮਨੁੱਖ ਦੇ) ਨਾਲ ਨਹੀਂ ਜਾਂਦਾ। ਅਖ਼ੀਰ ਵੇਲੇ (ਜਦੋਂ ਹਰੇਕ ਪਦਾਰਥ ਦਾ ਸਾਥ ਮੁੱਕ ਜਾਂਦਾ ਹੈ) ਪਰਮਾਤਮਾ ਦਾ ਨਾਮ

ਹੀ ਸਾਥ ਨਿਬਾਹੁੰਦਾ ਹੈ।1।

ਹੇ ਭਾਈ! (ਆਪਣੇ) ਮਨ ਦੇ ਫੁਰਨੇ ਨੂੰ ਸਿਰਫ਼ ਨਿਰੰਕਾਰ (ਦੀ ਯਾਦ) ਵਿਚ ਸ਼ਾਂਤ ਕਰ ਲੈ। (ਪ੍ਰਭੂ ਤੋਂ ਬਿਨਾ) ਹੋਰ ਹੋਰ ਪਦਾਰਥ ਵਿਚ (ਪਾਇਆ ਹੋਇਆ) ਪਿਆਰ ਸਾਰਾ ਹੀ ਛੱਡ ਦੇ।

ਹੇ ਪਿਆਰੇ ਪ੍ਰਭੂ! ਤੇਰੇ ਅੰਦਰ (ਅਨੇਕਾਂ ਹੀ) ਗੁਣ (ਹਨ), ਮੈਂ (ਤੇਰੇ) ਕਿਹੜੇ ਕਿਹੜੇ ਗੁਣ ਦੱਸ ਸਕਦਾ ਹਾਂ? ਮੈਂ ਤਾਂ ਤੇਰੇ ਇਕ ਉਪਕਾਰ ਨੂੰ ਭੀ ਬਿਆਨ ਨਹੀਂ ਕਰ ਸਕਦਾ। ਹੇ ਜਗਤ ਦੇ ਗੁਰਦੇਵ! ਮੇਰੇ ਮਨ ਵਿਚ ਤੇਰੇ ਦਰਸਨ ਦੀ ਬਹੁਤ ਤਾਂਘ ਹੈ, (ਮੈਨੂੰ) ਨਾਨਕ ਨੂੰ ਮਿਲ।2।1। 34।